بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّی عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 04.06.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 04 ਜੂਨ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔
بِسْمِ اللهِ الرَّحْمَنِ الرَّحِيمِ ۔ اَلْحَمْدُ لِلّٰهِ رَبِّ الْعَالَمِينَ ۔ الرَّحْمَنِ الرَّحِيمِ ۔ مَالِكِ يَوْمِ الدِّينِ ۔ إِيَّاكَ نَعْبُدُ وَ إِيَّاكَ نَسْتَعِينُ ۔
اِهْدِنَا الصِّرَاطَ الْمُسْتَقِيمَ ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬਿਆਂ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਹੋ ਰਿਹਾ ਸੀ ਅਤੇ ਜੰਗਾਂ ਤੇ ਸਰਾਯਾ (ਉਹ ਜੰਗਾ ਜਿੰਨ੍ਹਾ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਆਪ ਸ਼ਾਮਲ ਨਹੀਂ ਹੋਏ) ਦਾ ਵਰਨਣ ਸੀ । ਹਮਰਾਉਲ ਅਸਦ ਦੀ ਜੰਗ ਬਾਰੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਲਿਖੱਦੇ ਹਨ ਕਿ ਉਹਦ ਦੀ ਜੰਗ ਦੇ ਬਾਦ ਜੱਦ ਕੁਰੈਸ਼ ਨੇ ਮੱਕੇ ਦਾ ਮਾਰਗ ਫੜਿਆ ਤਾਂ ਰਸਤੇ ਵਿੱਚ ਉਹਨਾ ਵਿੱਚਕਾਰ ਇਕ ਭਖੱਦੀ ਬਹਿਸ ਛਿੜ ਗਈ ਕਿ ਇਸ ਜਿੱਤ ਦਾ ਲਾਭ ਚੁਕੱਦਿਆਂ ਹੋਇਆਂ ਮਦੀਨੇ ਉਪੱਰ ਹਮਲਾ ਕਰ ਦਿਤੱਾ ਜਾਏ । ਜੁਸ਼ੀਲੇ ਲੋਕਾਂ ਦੀ ਹਲੱਾਸ਼ੇਰੀ ਹੇਠ ਕੁਰੈਸ਼ਾਂ ਦਾ ਲਸ਼ਕਰ ਮਦੀਨੇ ਵੱਲ ਪਰਤਨ ਲਈ ਤਿਆਰ ਹੋ ਗਿਆ । ਜੱਦ ਇਹ ਖ਼ਬਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਮਿਲੀ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬੂਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਮਸ਼ਵਰੇ ਲਈ ਬੁਲਾਇਆ । ਦੋਹਾਂ ਨੇ ਕੁਰੈਸ਼ਾਂ ਦੇ ਲਸ਼ਕਰ ਦਾ ਪਿਛੱਾ ਕਰਨ ਦਾ ਮਸ਼ਵਰਾ ਦਿਤੱਾ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਝੱਟ ਐਲਾਨ ਕੀਤਾ ਕਿ ਉਹਦ ਵਿੱਚ ਸ਼ਾਮਲ ਹੋਣ ਵਾਲੇ ਮੁਸਲਮਾਨ ਤਿਆਰ ਹੋ ਜਾਣ । ਸੋ, ਉਹਦ ਦੇ ਜ਼ਖ਼ਮੀ ਮੁਜਾਹਿਦ ਅਤਿਅੰਤ ਖ਼ੁਸ਼ੀ ਨਾਲ ਆਪਣੇ ਆਕਾ ਦੀ ਅਗਵਾਈ ਹੇਠ ਰਾਵਨਾ ਹੋਏ । ਅੱਠ ਮੀਲ ਦੀ ਦੂਰੀ ਤੈਅ ਕਰਕੇ ਆਪ ਅਲੈਹਿ ਸਲਾਮ ਹਮਰਾਉਲ ਅਸਦ ਪਹੁੰਚੇ ਅਤੇ ਵੱਖ ਵੱਖ ਥਾਈਂ ਅੱਗ ਬਾਲ੍ਹਣ ਦਾ ਹੁਕਮ ਦਿਤੱਾ । ਰਾਤ ਦੇ ਹਨ੍ਹੇਰੇ ਵਿੱਚ ਅੱਗ ਦੀਆਂ ਰੋਸ਼ਨ ਹੋਣ ਵਾਲੀਆਂ ਪੰਜ ਸੋ ਅਗੱਾਂ ਦੂਰੋਂ ਦੇਖਣ ਵਾਲਿਆਂ ਦੇ ਮਨਾ ਨੂੰ ਭੈਭੀਤ ਕਰਦੀਆਂ ਸਨ । ਇਸ ਮੌਕੇ ਕਬੀਲਾ ਖ਼ਜ਼ਾਆ ਦਾ ਮਾਬਦ ਨਾਂ ਦਾ ਮੁਸ਼ਰਿਕ ਰਈਸ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਉਹਦ ਦੀ ਜੰਗ ਵਿੱਚ ਮਾਰੇ ਜਾਣ ਵਾਲਿਆਂ ਬਾਰੇ ਹਮਦਰਦੀ ਜਤਾਈ । ਦੂਜੇ ਦਿਨ ਉਹ ਅਬੂ ਸੁਫ਼ਯਾਨ ਨੂੰ ਮਿਲਿਆ ਅਤੇ ਉਸ ਨੂੰ ਮੁਸਲਮਾਨਾ ਦੇ ਬੁਲੰਦ ਹੌਸਲਿਆਂ ਬਾਰੇ ਜਾਣੂ ਕਰਾਇਆ । ਮਾਬਦ ਦੀਆਂ ਇਹਨਾ ਗਲੱਾਂ ਦਾ ਅਬੂ ਸੁਫ਼ਯਾਨ ਅਤੇ ਹੋਰਨਾ ਸਾਥੀਆਂ ਉਪੱਰ ਅਜਿਹਾ ਪ੍ਰਭਾਵ ਪਿਆ ਕਿ ਉਹਨਾ ਨੇ ਮੱਕੇ ਪਰਤਨ ਵਿੱਚ ਹੀ ਆਪਣੀ ਖ਼ੈਰ ਮੰਨੀ ।

ਬਨੂ ਮਸਤਲਕ ਦੀ ਜੰਗ ਸ਼ਾਬਾਨ 5 ਹਿਜਰੀ ਵਿੱਚ ਹੋਈ । ਇਸ ਬਾਰੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਕੁਰੈਸ਼ ਦੇ ਫ਼ਿਤਨਿਆਂ ਦੇ ਸਬਬ ਕਬੀਲਾ ਖ਼ਜ਼ਾਆ ਦੀ ਸ਼ਾਖਾ ਬਨੂ ਮੁਸਤਲਕ ਨੇ

ਮਦੀਨੇ ਉਪੱਰ ਚੜ੍ਹਾਈ ਕਰਨ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਖ਼ਬਰ ਮਿਲਣ'ਤੇ ਲਸ਼ਕਰ ਨੂੰ ਤਿਆਰੀ ਦਾ ਆਦੇਸ਼ ਦਿਤੱਾ । ਸੋ, ਬਹੁਤ ਸਾਰੇ ਸਹਾਬਾ ਵੱਡੀ ਗਿਣਤੀ ਵਿੱਚ ਮੁਨਾਫ਼ਕ ਵੀ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋ ਗਏ । ਮਾਰਗ ਵਿੱਚ ਕੁਫ਼ੱਾਰਾਂ ਦਾ ਇਕ ਜਾਸੂਸ ਮਿਲਿਆ ਜਿਸ ਤੋਂ ਹਾਲਾਤ ਦਾ ਪਤਾ ਲਾਉਣ ਦਾ ਜਤਨ ਕੀਤਾ ਗਿਆ ਪਰ ਉਸ ਨੇ ਦਸੱਣ ਤੋਂ ਨਾਹ ਕੀਤਾ ਤਾਂ ਜੰਗਾ ਦੇ ਨਿਯੱਮਾ ਅਨੁਸਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉਸਨੂੰ ਕਤਲ ਕਰ ਕਰ ਦਿਤੱਾ । ਬਨੂ ਮੁਸਤਲਕ ਦਾ ਇਰਾਦਾ ਤਾਂ ਮਦੀਨੇ ਉਪੱਰ ਅਚਨਚੇਤ ਹਮਲਾ ਕਰਨ ਦਾ ਸੀ, ਪਰ ਜੱਦ ਉਹਨਾ ਨੂੰ ਮੁਸਲਮਾਨਾ ਦੇ ਆਉਣ ਦੀ ਸੂਚਨਾ ਮਿਲੀ ਤਾਂ ਉਹ ਬਹੁਤ ਘਬਰਾਏ, ਪਰੰਤੂ ਬਨੂ ਮੁਸਤਲਕ ਨੂੰ ਕਰੈਸ਼ਾਂ ਨੇ ਮੁਸਲਮਾਨਾ ਦੀ ਦੁਸ਼ਮਣੀ ਦਾ ਅਜਿਹਾ ਨਸ਼ਾ ਚਾੜ੍ਹਿਆ ਹੋਇਆ ਸੀ ਕਿ ਉਹ ਫਿਰ ਵੀ ਜੰਗ ਕਰਨ ਤੋ ਨ ਮੁੜੇ । ਜੰਗ ਅਰੰਭ ਹੋਈ ਤਾਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੀ ਚੰਗੀ ਵਿਉਂਤ ਦੇ ਸਬਬ ਦੱਸ ਕੁਫ਼ੱਾਰ ਅਤੇ ਇਕ ਮੁਸਲਮਾਨ ਦੇ ਕਤਲ ਮਗਰੋਂ ਬਨੂ ਮੁਸਤਲਕ ਘੇਰੇ ਵਿੱਚ ਆਉਣ ਦੇ ਬਾਦ ਹੱਥਿਆਰ ਸੁਟੱਣ ਲਈ ਮਜਬੂਰ ਹੋ ਗਏ ।

ਬਨੂ ਮੁਸਤਲਕ ਦੀ ਜੰਗ ਤੋਂ ਵਾਪਸੀ ਸਮੇਂ ਮੁਹਾਜਰਾਂ ਵਿੱਚੋਂ ਕਿਸੇ ਨੇ ਇਕ ਅੰਸਾਰੀ ਦੀ ਪਿੱਠ'ਤੇ ਮਾਰਿਆ । ਜਿਸ'ਤੇ ਦੋਹਾਂ ਵਿਅਕਤੀਆਂ ਨੇ ਆਪਣੇ ਆਪਣੇ ਗਿਰੋਹਾਂ ਨੂੰ ਮਦਦ ਲਈ ਬੁਲਾਇਆ । ਜੱਦ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਤੱਕ ਇਹ ਮਾਮਲਾ ਪਹੁੰਚਿਆ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਸਨੂੰ ਵਿਅਰਥ ਦੇ ਭੈੜੀ ਗੱਲ ਆਖ ਕੇ ਮਾਮਲੇ ਨੂੰ ਮੁਕਾ ਦਿਤੱਾ । ਪਰੰਤੂ ਅਬਦੁਲੱਾਹ ਬਿਨ ਅਬੀ ਨੇ ਇਹ ਕਹਿਕੇ ਕਿ ਉਹਨਾ ਨੇ ਤਾਂ ਅਜਿਹਾ ਕਰ ਲਿਆ ਅਰਥਾਤ ਮੁਹਾਜਰਾਂ ਨੇ ਤਾਂ ਅੰਸਾਰ ਨੂੰ ਮਾਰ ਲਿਆ ਪਰ ਅਸੀਂ ਮਦੀਨੇ ਪਰਤੇ ਤਾਂ ਅਵਸ਼ ਹੀ ਸਨਮਾਨ ਯੋਗ ਵਿਅਕਤੀ (ਨਊਜ਼ੁਲ ਬਿਲੱਾਹਿ) ਜ਼ਲੀਲ ਵਿਅਕਤੀ ਨੂੰ ਉੱਥੋਂ ਕੱਢ ਦੇਵੇਗਾ । ਇਹ ਸੁਣਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਅਬਦੁਲੱਾਹ ਬਿਨ ਅਬੀ ਨੂੰ ਕਤਲ ਕਰਨ ਦੀ ਆਗਿਆ ਮੰਗੀ ਪਰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਆਗਿਆ ਨ ਦਿੱਤੀ । ਬਾਦ ਵਿੱਚ ਜੱਦ ਅਬਦੁਲੱਾਹ ਬਿਨ ਅਬੀ ਦੀ ਘ੍ਰਿਣਾ ਤੇ ਇਸਲਾਮ ਪ੍ਰਤੀ ਦੁਸ਼ਮਣੀ ਖੁੱਲ ਗਈ ਤਾਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਰਜ਼ੀ ਅਲੱਾਹੁਅਨਹੁ ਨੂੰ ਫ਼ਰਮਾਇਆ ਕਿ ਜੇਕਰ ਉਸ ਸਮੇਂ ਮੈਂ ਇਸ ਨੂੰ ਕਤਲ ਕਰ ਦਿੰਦਾ ਤਾਂ ਲੋਕ ਨੱਕ ਮੂੰਹ ਚੜ੍ਹਾਉਂਦੇ ਪਰ ਜੇਕਰ ਹੁਣ ਇਹਨਾਂ ਲੋਕਾਂ ਨੂੰ ਮੈਂ ਇਸਦੇ ਕਤਲ ਦਾ ਹੁਕਮ ਦਿਆਂ ਤਾਂ ਉਹ ਆਪ ਇਸਨੂੰ ਮਾਰ ਦੇਣਗੇ ।

ਜੱਦ ਰਸੂਲੇ ਖ਼ੁਦਾ ਸਲਲੱਾਹੁ ਅਲੈਹਿ ਵਸਲਮ ਮੁਨਾਫ਼ਕਾਂ ਦੇ ਸਰਦਾਰ ਅਬਦੁਲੱਾਹ ਬਿਨ ਅਬੀ ਦੀ ਨਮਾਜ਼ ਜਨਾਜ਼ਾਹ ਪੜ੍ਹਾਉਂਣ ਲੱਗੇ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਅਰਜ਼ ਕੀਤੀ ਕਿ ਅਲੱਾਹ ਤਆਲਾ ਨੇ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਮੁਨਾਫ਼ਕਾਂ ਦੀ ਨਮਾਜ਼ ਜਨਾਜ਼ਾਹ ਪੜ੍ਹਾਉਂਣ ਤੋਂ ਮਨਾ ਕੀਤਾ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੈਂਨੂੰ ਅਖ਼ਤਿਆਰ ਦਿਤੱਾ ਗਿਆ ਹੈ ਕਿ ਮੈਂ ਇਸਤਗ਼ਫ਼ਾਰ ਕਰਾਂ ਜਾਂ ਨ ਕਰਾਂ । ਸੋ, ਆਪ ਸਲਲੱਾਹੁ ਅਲੈਹਿ ਵਸਲੱਮ ਨੇ ਉਸਦੀ ਨਮਾਜ਼ ਜਨਾਜ਼ਾਹ ਪੜ੍ਹਾਈ । ਹਾਂ ਬਾਦ ਵਿੱਚ ਰੱਬ ਦੇ ਪੂਰੀ ਤਰ੍ਹਾ ਮਨਾ ਕਰਨ'ਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਮੁਨਾਫ਼ਕਾਂ ਦੀ ਨਮਾਜ਼ ਜਨਾਜ਼ਾਹ ਪੜ੍ਹਾਉਂਣੀ ਛੱਡ ਦਿੱਤੀ ।

ਸੁਲਾਹ ਹੁਦੈਬੀਆਹ ਦੇ ਮੌਕੇ'ਤੇ ਆਂਹਜ਼ੂਰ ਸਲਲੱਾਹੁ ਸਫ਼ਾਰਤ ਲਈ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਕੁਰੈਸ਼ਾਂ ਦੇ ਸ਼ਰੀਫ਼ ਲੋਕਾਂ ਵੱਲ ਭਿਜਾਉਣਾ ਚਾਹਿਆ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਨਾਂ ਤਜਵੀਜ਼ ਕਰਦਿਆਂ ਹੋਇਆਂ ਬਿਨਤੀ ਕੀਤ ਕਿ ਉਹ ਕੁਰੈਸ਼ਾਂ ਨੇੜੇ ਮੇਰੇ ਤੋਂ ਵੱਧ ਸਨਮਾਨਯੋਗ ਹਨ । ਸੋ, ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਦੀ ਇਸ ਤਜਵੀਜ਼ ਨੂੰ ਪਰਵਾਨ ਕੀਤਾ ।

ਜੱਦ ਸੁਲਾਹ ਹੁਦੈਬੀਆਹ ਦੀਆਂ ਸ਼ਰਤਾਂ ਲਿੱਖੀਆਂ ਜਾ ਰਹੀਆਂ ਸਨ ਤਾਂ ਮੱਕੇ ਦੇ ਕੁਰੈਸ਼ਾਂ ਦੇ ਸਫ਼ੀਰ ਸੁਹੇਲ ਦਾ ਲੜਕਾ ਅਬੂ ਜਿੰਦਲ ਬੇੜੀਆਂ ਤੇ ਹਥੱਕੜੀਆਂ ਵਿੱਚ ਜਕੜਿਆ ਹੋਇਆ ਉੱਥੇ ਪਹੁੰਚਿਆ । ਉਸ ਸਮੇਂ ਸੁਹੇਲ ਇਹ ਸ਼ਰਤ ਲਿਖਵਾ ਰਿਹਾ ਸੀ ਕਿ ਹਰ ਵਿਅਕਤੀ ਜੋ ਮੱਕੇ ਵਾਲਿਆਂ ਵਿੱਚੋਂ ਮੁਸਲਮਾਨਾ ਵੱਲ ਆਇਗਾ ਉਸਨੂੰ ਵਾਪਸ ਪਰਤਾ ਦਿਤੱਾ

ਜਾਵੇਗਾ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਸੁਹੇਲ ਨੂੰ ਕਿਹਾ ਕਿ ਹੁਣੇ ਤਾਂ ਸੰਧੀ ਪੂਰੀ ਨਹੀਂ ਹੋਈ ਪਰੰਤੂ ਸੁਹੇਲ ਨ ਮੰਨਿਆ, ਫਿਰ ਆਪ ਨੇ ਫ਼ਰਮਾਇਆ ਕਿ ਨੇੜਤਾ ਤੇ ਉਪਕਾਰ ਵੱਜੋਂ ਅਬੂ ਜਿੰਦਲ ਸਾਨੂੰ ਦੇ ਦਿਓ ਪਰ ਸੁਹੇਲ ਨੇ ਸਾਫ਼ ਨਾਹ ਕਰ ਦਿੱਤੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਅਬੂ ਜਿੰਦਲ ਨੂੰ ਸਬਰ ਦੀ ਤਲਕੀਨ ਕਰਦਿਆਂ ਹੋਇਆਂ ਫ਼ਰਮਾਇਆ ਕਿ ਰੱਬ ਵੱਲ ਨਜ਼ਰ ਰੱਖੋ । ਮੁਸਲਮਾਨਾ ਲਈ ਇਹ ਦ੍ਰਿਸ਼ ਬਹੁਤ ਕਸ਼ਟਦਾਈ ਸੀ । ਅਖ਼ੀਰ ਹਜ਼ਰਤ ਉਮਰ ਤੋਂ ਨ ਰਿਹਾ ਗਿਆ ਅਤੇ ਆਪ ਨੇ ਕੰਬਦੀ ਹੋਈ ਅਵਾਜ਼ ਵਿੱਚ ਰਸੂਲੁਲੱਾਹ ਸਲਲਲੱਾਹੁ ਅਲੈਹਿ ਵਸਲਮ ਨੂੰ ਬਿਨਤੀ ਕੀਤੀ ਕਿ ਕੀ ਆਪ ਸਲਲੱਾਹੁ ਅਲੈਹਿ ਵਸਲੱਮ ਰੱਬ ਦੇ ਸੱਚੇ ਰਸੂਲ ਨਹੀਂ ? ਕੀ ਸਾਡਾ ਦੁਸ਼ਮਣ ਝੂਠਾ ਨਹੀਂ ਹੈ ? ਫਿਰ ਅਸੀਂ ਇਹ ਜ਼ਿਲੱਤ ਕਿਉਂ ਝੱਲ ਰਹੇ ਹਾਂ ? ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੈਂ ਰੱਬ ਦਾ ਸਚੱਾ ਰਸੂਲ ਹਾਂ ਅਤੇ ਉਸ ਦੀ ਇਛੱਾ ਨੂੰ ਜਾਣਦਾ ਹਾਂ ਅਤੇ ਉਸਦੇ ਵਿਰੁਧ ਨਹੀਂ ਚੱਲ ਸਕਦਾ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਉਮਰ ! ਸੰਭਲ ਕੇ ਰਹੋ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਰਕਾਬ'ਤੇ ਜੋ ਹੱਥ ਤੁਸੀਂ ਰੱਖਿਆ ਹੈ ਉਸ ਨੂੰ ਢਿੱਲਾ ਨ ਹੋਣ ਦਿਓ । ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਖ਼ਲੀਫ਼ਾ ਬਣਨ ਤੋਂ ਪਹਿਲਾਂ ਆਪਣੇ ਜਲਸਾ ਸਾਲਾਨਾ ਦੇ ਭਾਸ਼ਣ ਵਿੱਚ ਫ਼ਰਮਾਉਂਦੇ ਹਨ ਕਿ ਦੁੱਖ ਤੇ ਪੀੜ੍ਹਾ ਦੀ ਉਹ ਚੀਕ ਜੋ ਪ੍ਰਸ਼ਨ ਬਣਕੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਦਿਲ ਵਿੱਚੋਂ ਨਿਕਲੀ, ਹੋਰ ਅਨੇਕਾਂ ਦੇ ਸੀਨਿਆਂ ਵਿੱਚ ਦੱਬੀ ਹੋਈ ਸੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਪ੍ਰਗਟਾਵੇ ਦੀ ਜੁਰੱਤ ਦੀ ਅਜਿਹੀ ਚੂਕ ਹੋ ਗਈ ਕਿ ਬਾਦ ਵਿੱਚ ਸਾਰੀ ਉਮਰ ਆਪ ਇਸ ਤੋਂ ਪਛਤਾਉਂਦੇ ਰਹੇ । ਬਹੁਤ ਰੋਜ਼ੇ ਰੱਖੇ, ਬਹੁਤ ਇਬਾਦਤਾਂ ਕੀਤੀਆਂ, ਬਹੁਤ ਦਾਨ ਦਿੱਤੇ ਅਤੇ ਇਸਤਗ਼ਫ਼ਾਰ ਕਰਦੇ ਰਹੇ । ਆਪ ਹਮੇਸ਼ਾ ਹਸਰਤ ਨਾਲ ਇਹੋ ਕਿਹਾ ਕਰਦੇ ਕਿ ਕਾਸ਼ ਮੈਂ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੂੰ ਉਹ ਪ੍ਰਸ਼ਨ ਨ ਕੀਤਾ ਹੁੰਦਾ ।

ਸੁਲਾਹ ਹੁਦੈਬੀਆਹ ਦੇ ਮੌਕੇ'ਤੇ ਮੁਸਲਮਾਨਾ ਅਤੇ ਕੁਰੈਸ਼ਾਂ ਵਿੱਚ ਜੋ ਸੰਧੀ ਹੋਈ, ਉਸ'ਤੇ ਹਜ਼ਰਤ ਉਮਰ ਦੇ ਵੀ ਹਸਤਾਖ਼ਰ ਹੋਏ ਸਨ । ਹੁਦੈਬੀਆਹ ਤੋਂ ਵਾਪਸੀ ਸਮੇਂ ਜੱਦ ਸੂਰਤ ਫ਼ਤਾਹ ਦੀਆਂ ਆਇਤਾਂ ਨਾਜ਼ਿਲ ਹੋਈਆਂ ਤਾਂ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਬੁਲਵਾਇਆ ਅਤੇ ਫ਼ਰਮਾਇਆ ਕਿ ਮੇਰੇ'ਤੇ ਹੁਣੇ ਅਜਿਹੀ ਸੂਰਤ ਨਾਜ਼ਿਲ ਹੋਈ ਹੈ ਜੋ ਮੈਨੂੰ ਦੁਨੀਆਂ ਦੀਆਂ ਸਾਰੀਆਂ ਚੀਜ਼ਾਂ ਤੋਂ ਵੱਧ ਪਿਆਰੀ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਅਰਜ਼ ਕੀਤੀ ਇਹ ਸੰਧੀ ਕੀ ਵਾਸਤਵ ਵਿੱਚ ਇਸਲਾਮ ਦੀ ਜਿੱਤ ਹੈ ? ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ : ਹਾਂ, ਨਿਸ਼ਚੇ ਹੀ ਇਹ ਸਾਡੀ ਜਿੱਤ ਹੈ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਜ਼ਿਕਰ ਦੇ ਜਾਰੀ ਰਹਿਣ ਬਾਰੇ ਦਸੱਣ ਤੋਂ ਬਾਦ ਹਜ਼ੂਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੇ ਮਰਹੂਮਾ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

ਮੁਕਰੱਮ ਸ਼ੁਐਬ ਅਹਮਦ ਸਾਹਬ ਵਕਫ਼ੇ ਜ਼ਿੰਦਗੀ ਜੋ ਬਸ਼ੀਰ ਅਹਮਦ ਸਾਹਬ ਕਾਲਾ ਅਫ਼ਗ਼ਾਨਾ ਦਰਵੇਸ਼ ਮਰਹੂਮ ਦੇ ਪੁਤੱਰ ਸਨ । 56 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ । انا للہ وانا الیہ راجعون । ਸਦਰ ਅੰਜੁਮਨ ਅਹਮਦੀਆ ਦੇ ਵੱਖ ਵੱਖ ਅਦਾਰਿਆਂ ਵਿੱਚ ਕਾਰਕੁਨ, ਅਫ਼ਸਰ ਤੇ ਫਿਰ ਨਾਜ਼ਿਰ ਦੇ ਰੂਪ ਵਿੱਚ ਸੇਵਾ ਬਜਾ ਲਿਆਉਂਦੇ ਰਹੇ । ਇੰਚਾਰਜ ਦਫ਼ਤਰ ਉਲੀਆ ਅਤੇ ਨਾਜ਼ਿਰ ਬੈਤੁਲਮਾਲ ਖ਼ਰਚ, ਨਾਜ਼ਿਮ ਵਕਫ਼ੇ ਜਦੀਦ ਮਾਲ, ਅਫ਼ਸਰ ਜਲਸਾ ਸਾਲਾਨਾ ਅਤੇ ਸਦਰ ਖ਼ੁਦੱਾਮੁਲ ਅਹਮਦੀਆ ਭਾਰਤ ਦੇ ਰੂਪ ਵਿੱਚ ਇਹਨਾਂ ਨੂੰ ਸੇਵਾ ਦਾ ਮੌਕਾ ਮਿਲਿਆ । ਇਬਾਦਤ ਵੱਲ ਉਹਨਾ ਦਾ ਬਹੁਤ ਧਿਆਨ ਸੀ, ਨਮਾਜ਼ ਤਹਜੁੱਦ ਅਤੇ ਨਫ਼ਲਾਂ ਦੀ ਅਦਾਇਗੀ ਵਿੱਚ ਨਿਰੰਤਰਤਾ ਸੀ । ਖ਼ਿਲਾਫ਼ਤ ਦੀ ਆਗਿਆਕਾਰੀ ਦਾ ਵੀ ਬਹੁਤ ਆਲਾ ਮਿਆਰ ਸੀ । ਕੁਰਆਨ ਮਜੀਦ ਦਾ ਡੂੰਘਾ ਗਿਆਨ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ

ਖ਼ਲੀਫ਼ਾ ਸਾਹਿਬਾਨ ਦੀਆਂ ਕਿਤਾਬਾਂ ਦਾ ਵੀ ਬਹੁਤ ਅਧਿਐਨ ਸੀ । ਧਾਰਮਕ ਜਾਣਕਾਰੀ ਬਹੁਤ ਸੀ ਹਰ ਵਿਸ਼ੇ'ਤੇ ਭਾਸ਼ਣ ਦਾ ਗੁਣ ਸੀ । ਅਤਿਅੰਤ ਚੰਗੇ ਆਚਰਣ ਵਾਲੇ ਤੇ ਮਿਲਨਸਾਰ ਸਨ । ਹਰ ਤਬਕੇ ਦੇ ਲੋਕਾਂ ਨਾਲ ਪਿਆਰ ਤੇ ਸਨੇਹ ਕਰਨ ਵਾਲੇ ਵੁਜੂਦ ਸਨ । ਲੋੜਵੰਦਾ ਅਤੇ ਅਧੀਨ ਦਾ ਪੂਰਾ ਧਿਆਨ ਰਖੱਦੇ ਸਨ । ਕਾਦੀਆਂ ਵਿੱਚ ਹਰ ਵਿਅਕਤੀ ਇਹਨਾ ਦੀ ਬਹੁਤ ਪ੍ਰਸ਼ੰਸਾ ਕਰ ਰਿਹਾ ਹੈ, ਬੁਲੰਦ ਹੌਂਸਲੇ ਵਾਲੇ ਤੇ ਧੰਨਵਾਦੀ ਵਿਅਕਤੀ ਸਨ । ਮਰਹੂਮ ਮੂਸੀ ਸਨ । ਪਿਛੋਕੜ ਵਿੱਚ ਪਤਨੀ ਤੋਂ ਬਿਨਾ ਦੋ ਪੁਤੱਰ ਹਨ । ਜਲਾਲੁੱਦੀਨ ਸਾਹਬ ਨਯੱਰ ਸਦਰ ਸਦਰ ਅੰਜੁਮਨ ਅਹਮਦੀਆ ਕਾਦੀਆਂ ਦੇ ਦਾਮਾਦ (ਜਵਾਈ) ਸਨ । ਅਲੱਾਹ ਤਆਲਾ ਮਰਹੂਮ ਨਾਲ ਬਖਸ਼ਿਸ਼ ਤੇ ਰਹਿਮ ਦਾ ਵਰਤਾਉ ਕਰੇ । ਇਹਨਾ ਦੇ ਬੱਚਿਆਂ ਨੂੰ ਪਤਨੀ ਨੂੰ ਸਬਰ ਤੇ ਸ਼ਾਂਤੀ ਪ੍ਰਦਾਨ ਕਰੇ ਅਤੇ ਇਹਨਾਂ ਦੀਆਂ ਨੇਕੀਆਂ ਜਾਰੀ ਰਖੱਣ ਦਾ ਸੰਜੋਗ ਪ੍ਰਦਾਨ ਕਰੇ ।

ਅਗਲਾ ਜ਼ਿਕਰ ਮੁਕਰੱਮ ਮੁਕਸੂਦ ਅਹਮਦ ਭੱਟੀ ਮੁਬਲੱਗ਼ ਸਿਲਸਿਲਾ ਕਾਦੀਆਂ ਦਾ ਹੈ ਜੋ 18 ਮਈ ਨੂੰ 52 ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰੇ ਹੋ ਗਏ ਸਨ । انا للہ وانا الیہ راجعون । ਮੁਰਹੂਮ ਜਮਾਤ ਅਹਮਦੀਆ ਚਾਰਕੋਟ ਜ਼ਿਲਾ ਰਾਜੋਰੀ ਪ੍ਰਾਂਤ ਜੰਮੂ ਕਸ਼ਮੀਰ ਨਾਲ ਸੰਬੰਧ ਰਖੱਦੇ ਸਨ । ਇਹਨਾ ਦੀ ਸੇਵਾ ਦਾ ਸਮਾਂ ਤੀਹ ਸਾਲ'ਤੇ ਅਧਾਰਤ ਹੈ, ਇਹਨਾਂ ਨੂੰ ਅਮੀਰ ਜ਼ੋਨ ਲਖਨਉ ਅਤੇ ਮੁਬਲੱਗ਼ ਇੰਚਾਰਜ ਸ੍ਰੀਨਗਰ ਦੇ ਰੂਪ ਵਿੱਚ ਸੇਵਾ ਦਾ ਸੰਜੋਗ ਪ੍ਰਾਪਤ ਹੋਇਆ । 2017 ਈ. ਤੋਂ ਦੇਹਾਂਤ ਤੱਕ ਪੂਰਨ ਰੂਪ ਵਿੱਚ ਮਰਕਜ਼ੀ ਕਾਜ਼ੀ ਦੇ ਰੂਪ ਵਿੱਚ ਫ਼ੁਲ ਟਾਈਮ ਮਰਕਜ਼ੀ ਕਾਜ਼ੀ ਦੇ ਰੂਪ ਵਿੱਚ ਸੇਵਾ ਦਾ ਮੌਕਾ ਮਿਲਿਆ । ਕਜ਼ਾ ਵਿੱਚ ਬਹੁਤ ਲਗਨਤਾ ਤੇ ਮਿਹਨਤ ਨਾਲ ਚੰਗੇ ਆਚਰਣ ਨਾਲ ਆਪਣੇ ਕੰਮ ਨੂੰ ਨੇਪਰੇ ਚਾੜ੍ਹ ਰਹੇ ਸਨ । ਦਰਜਨਾ ਮੁਕਦੱਮਿਆ ਦੇ ਫ਼ੈਸਲੇ ਕੀਤੇ । ਆਪਣੇ ਸੁਪੁਰਦ ਕੰਮਾ ਦੀ ਬਹੁਤ ਚਿੰਤਾ ਰਹਿੰਦੀ ਸੀ ਸਗੋਂ ਬੀਤੇ ਦਿਨੀ ਇਹਨਾ ਨੂੰ ਕਰੋਨਾ ਹੋ ਗਿਆ ਤਾਂ ਹਸਪਤਾਲ ਵਿੱਚ ਵੀ ਕੰਮਾ ਦੀ ਚਿੰਤਾ ਰਹਿੰਦੀ ਸੀ । ਬਹੁਤ ਮਿਲਨਸਾਰ, ਖ਼ੁਸ਼ ਮਿਜ਼ਾਜ, ਦਲੇਰ ਅਤੇ ਮਾਮਲੇ ਨੂੰ ਸਮਝਣ ਵਾਲੇ ਅਤੇ ਵਕਫ਼ੇ ਜ਼ਿੰਦਗੀ ਸਨ । ਮਰਹੂਮ ਮੂਸੀ ਸਨ । ਪਿਛੋਕੜ ਵਿੱਚ ਮਾਤਾ ਅਤੇ ਤਿੰਨ ਭਰਾਵਾਂ ਤੋਂ ਬਿਨਾ ਪਤਨੀ ਤੇ ਤਿੰਨ ਪੁਤੱਰੀਆਂ ਹਨ । ਅਲੱਾਹ ਤਆਲਾ ਮਰਹੂਮ ਨਾਲ ਬਖਸ਼ਿਸ਼ ਤੇ ਰਹਿਮ ਦਾ ਵਰਤਾਉ ਕਰੇ । ਇਹਨਾ ਦੀਆਂ ਬੱਚੀਆਂ ਦੀ ਸੁਰੱਖਿਆ ਫ਼ਰਮਾਏ ਅਤੇ ਇਹਨਾਂ ਦੀਆਂ ਨੇਕੀਆਂ ਜਾਰੀ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

ਇਸ ਤੋਂ ਬਿਨਾ ਮੁਕਰੱਮ ਮਲਕ ਮੁਹਮੱਦ ਯੂਸੁਫ਼ ਸਲੀਮ ਸਾਹਬ ਇੰਚਾਰਜ ਸ਼ੋਬਾ ਜ਼ੂਦ ਨਵੀਸ, ਮੁਕਰੱਮ ਜਾਵੇਦ ਇਕਬਾਲ ਸਾਹਬ ਫ਼ੈਸਲਾਬਾਦ, ਮੁਕਰੱਮਾ ਮਦੀਹਾ ਨਵਾਜ਼ ਸਾਹਿਬਾ ਸੁਪਤਨੀ ਨਵਾਜ਼ ਅਹਮਦ ਸਾਹਬ ਮੁਰੱਬੀ ਸਿਲਸਿਲਾ ਘਾਨਾ ਦਾ ਵੀ ਜ਼ਿਕਰੇ ਖ਼ੈਰ ਕਰਕੇ ਹਜ਼ੂਰ ਅਨਵਰ ਨੇ ਇਹਨਾ ਸਾਰਿਆਂ ਮਰਹੂਮਾ ਦੀ ਬਖ਼ਸ਼ਿਸ਼ ਅਤੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَن یَّھْدِہِ اللّٰہُ فَلاَ مُضِلَّ لَہٗ وَمَنْ یُّضْلِلْہُ فَلاَ ھَادِیَ لَہٗ وَنَشْھَدُ أَنْ لاَّ اِلٰہَ اِلاَّ اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ، عِبَادَ اللّٰہِ رحمکم اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْ کُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ ۔

**Khulasa Khutba Jumma 04.06.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131